# ਮੈਂ ਇਸਲਾਮ ਦਾ ਸ਼ਰਧਾਲੂ ਕਿਉਂ ਹਾਂ ?

************************************

میں اسلام دھرم کا شردھالو کیوں ہوں؟

************************************

ਭਾਸ਼ਨ

ਹਜ਼ਰਤ ਮਿਰਜ਼ਾ ਬਸ਼ੀਰੁੱਦੀਨ ਮਹਿਮੂਦ ਅਹਿਮਦ
ਖਲੀਫਾਤੁਲਮਸੀਹ ਸਾਨੀ
ਜਮਾਤ ਅਹਿਮਦੀਆ ਕਾਦੀਆਨ

ਜੋ ਬੰਬਈ ਰੇਡੀਓ ਤੋਂ ਪ੍ਰਸਾਰਤ ਕੀਤਾ ਗਿਆ

Bait-ud-Doa
7521-Sixth Street
Burnaby, B.C. V3N 3M2
Tel: (604) 522-5028

# ਮੈਂ ਇਸਲਾਮ ਦਾ ਸ਼ਰਧਾਲੂ ਕਿਉਂ ਹਾਂ?

ਮੇਰੇ ਅੱਗੇ ਬੰਬਈ ਰੇਡੀਓ ਵਾਲਿਆਂ ਨੇ ਇਹ ਇੱਛਾ ਪਰਗਟ ਕੀਤੀ ਹੈ ਕਿ ਮੈਂ ਓਹਨਾਂ ਨੂੰ ਇਹ ਦੱਸਾਂ ਕਿ ਮੈਂ ਇਸਲਾਮ ਦਾ ਸ਼ਰਧਾਲੂ ਕਿਉਂ ਹਾਂ ? ਜਦ ਮੈਂ ਇਹ ਪ੍ਰਸ਼ਨ ਆਪਣੇ ਆਪ ਤੇ ਕੀਤਾ ਤਾਂ ਮੈਨੂੰ ਇਹ ਉਤਰ ਮਿਲਿਆ ਕਿ ਉਸੇ ਹੀ ਯੁਕਤੀ ਦੁਆਰਾ, ਜਿਸ ਦੇ ਅਧਾਰ ਤੇ ਮੈਂ ਹੋਰ ਕਿਸੇ ਵਸਤੂ ਨੂੰ ਮੰਨਦਾ ਹਾਂ, ਅਰਥਾਤ ਇਸ ਲਈ ਕਿ ਇਹ ਇੱਕ ਨਿਰੋਲ ਸਚਾਈ ਹੈ।

ਇਸ ਦੀ ਵਿਆਖਿਆ ਇਹ ਹੈ ਕਿ ਮੇਰੇ ਵਿਚਾਰ ਅਨੁਸਾਰ ਹਰੇਕ ਧਰਮ ਦੀ ਕੇਂਦਰੀ ਸਮੱਸਿਆ ਪ੍ਰਭੂ ਦੀ ਹੋਂਦ ਦਾ ਇਕਰਾਰ ਤੇ ਉਸ ਦਾ ਮਨੁੱਖ ਨਾਲ ਸੰਬੰਧ ਹੈ। ਜੋ ਧਰਮ ਪ੍ਰਭੂ ਨਾਲ ਮਨੁੱਖ ਜਾਤੀ ਦਾ ਸਚਾ ਸਬੰਧ ਕਾਇਮ ਕਰ ਸਕਦਾ ਹੈ ਉਹ ਸੱਚਾ ਧਰਮ ਹੈ ਅਤੇ ਕਿਸੇ ਚੀਜ਼ ਦਾ ਸੱਚਾ ਹੋਣਾ ਹੀ ਉਸ ਦੇ ਸ਼ਰਧਾਲੂ ਹੋਣ ਲਈ ਚੋਖੀ ਦਲੀਲ ਹੈ,ਕਿਉਂਕਿ ਜੋ ਪ੍ਰਾਣੀ ਸਚਾਈ ਨੂੰ ਨਹੀਂ ਮੰਨਦਾ, ਉਹ ਝੂਠ ਨੂੰ ਅਪਨਾਉਣ ਲਈ ਮਜ਼ਬੂਰ ਹੋਵੇਗਾ ਤੇ ਇਸ ਤਰ੍ਹਾਂ ਉਹ ਆਪਣਾ ਤੇ ਮਨੁੱਖ ਜਾਤੀ ਦਾ ਵੈਰੀ ਸਿੱਧ ਹੋਵੇਗਾ।

ਇਸਲਾਮ ਇਸ ਗੱਲ ਦਾ ਐਲਾਨ ਕਰਦਾ ਹੈ ਕਿ ਇਸ ਸ੍ਰਿਸ਼ਟੀ ਦਾ ਸਿਰਜਣਹਾਰ ਇੱਕ ਜਿੰਦਾ ਪ੍ਰਭੂ ਹੈ, ਜੋ ਵਰਤਮਾਨ ਕਾਲ ਵਿੱਚ ਵੀ ਆਪਣੇ ਬੰਦਿਆਂ ਉਤੇ ਆਪਣੇ ਆਪ ਨੂੰ ਉਸੇ ਤਰ੍ਹਾਂ ਪ੍ਰਗਟ ਕਰਦਾ ਹੈ ਜਿਸ ਤਰ੍ਹਾਂ ਕਿ ਉਸ ਨੇ ਭੂਤਕਾਲ ਵਿੱਚ ਪ੍ਰਗਟ ਕੀਤਾ ਸੀ। ਇਸ ਗੱਲ ਨੂੰ ਦੋ ਤਰ੍ਹਾਂ ਪਰਖਿਆ ਜਾ ਸਕਦਾ ਹੈ। ਇੱਕ ਤਾਂ ਇਸ ਤਰ੍ਹਾਂ ਕਿ ਹਰੇਕ ਜਗਿਆਸੂ ਲਈ ਸੁਤੇਸਿੱਧ ਹੀ ਪ੍ਰਭੂ ਦੀਆਂ ਕੁਦਰਤਾਂ ਪ੍ਰਗਟ ਹੁੰਦੀਆਂ ਰਹਿਣ ਤੇ ਦੂਜੇ ਇਸ ਤਰ੍ਹਾਂ ਕਿ ਇਸ ਤੇ ਪ੍ਰਭੂ ਆਪ ਆਪਣਾ ਆਪ ਪ੍ਰਗਟ ਕਰੇ, ਉਸ ਦੀ ਰਹਿਣੀ-ਬਹਿਣੀ ਦੀ ਅਸੀਂ ਜਾਂਚ ਪੜਤਾਲ ਕਰਕੇ ਉਸ ਦੇ ਦਾਅਵੇ ਦੀ ਪਰਖ ਕਰ ਸਕੀਏ, ਚੂੰਕਿ ਮੈਂ ਵੀ ਪ੍ਰਭੂ ਦੀ ਮਿਹਰ ਸਦਕਾ ਓਹਨਾਂ ਲੋਕਾਂ ਵਿੱਚੋਂ ਹੀ ਹਾਂ, ਜੋ ਇਸ ਗੱਲ ਦਾ ਤਜਰਬਾ ਰਖਦੇ ਹਨ ਕਿ ਪ੍ਰਭੂ ਨੇ ਕਈ ਵਾਰ ਆਪਣੇ ਚਮਤਕਾਰਾਂ ਦੁਆਰਾ ਓਹਨਾਂ ਉਤੇ ਆਪਣਾ ਆਪ ਪ੍ਰਗਟ ਕੀਤਾ ਹੈ ਇਸ ਲਈ ਮੈਨੂੰ ਇਸ ਤੋਂ ਵਧ ਕੇ ਹੋਰ ਕਿਸੇ ਦਲੀਲ ਦੀ ਲੋੜ ਨਹੀਂ ਕਿ ਮੈਂ ਇਸਲਾਮ ਦੀ ਸੱਚਾਈ ਨੂੰ ਆਪ ਵਰਤੋਂ ਕਰਕੇ ਵੇਖ ਲਿਆ ਹੈ।

ਪਰ ਉਹਨਾਂ ਲੋਕਾਂ ਲਈ ਜਿਹਨਾਂ ਨੂੰ ਇਹ ਤਜਰਬਾ ਪ੍ਰਾਪਤ ਨਹੀਂ, ਮੈਂ ਉਹ ਦਲੀਲਾਂ ਪੇਸ਼ ਕਰਦਾ ਹਾਂ, ਜੋ ਮੇਰੇ ਆਪਣੇ ਤਜਰਬੇ ਤੋਂ ਛੁੱਟ ਇਸਲਾਮ ਉਤੇ ਮੇਰੀ ਸ਼ਰਧਾ ਦਾ ਕਾਰਨ ਬਣੀਆਂ ਹਨ।

(੧) ਮੈਂ ਇਸਲਾਮ ਦਾ ਇਸ ਲਈ ਸ਼ਰਧਾਲੂ ਹਾਂ ਕਿ ਉਹ ਓਹਨਾਂ ਸਾਰੀਆਂ ਸਮਸਿਆਵਾਂ ਨੂੰ ਜਿਨ੍ਹਾਂ ਦਾ ਇਕੱਠ ਧਰਮ ਕਹਾਉਂਦਾ ਹੈ, ਧੱਕੇ ਨਾਲ ਨਹੀਂ ਮਨਵਾਉਂਦਾ; ਸਗੋਂ ਹਰੇਕ ਗੱਲ ਦੀ

ਉਕਤੀ ਤੇ ਯੁਕਤੀ ਪੇਸ਼ ਕਰਦਾ ਹੈ। ਪ੍ਰਭੂ ਦੀ ਹੋਂਦ ਉਸ ਦੇ ਗੁਣ, ਫਰਿਸ਼ਤੇ, ਪ੍ਰਾਰਥਨਾ ਤੇ ਉਸ ਦਾ ਪ੍ਰਭਾਵ, ਤਕਦੀਰ ਤੇ ਉਸ ਦੀਆਂ ਹੱਦਾਂ ਪੂਜਾ ਤੇ ਉਸ ਦੀ ਲੋੜ ਸ਼ਰੀਅਤ ਤੇ ਉਸ ਦਾ ਲਾਭ ਅਕਾਸ਼ ਬਾਣੀ ਤੇ ਉਸ ਦੀ ਲੋੜ ਮੌਤ ਤੋਂ ਪਿਛੋਂ ਦਾ ਜੀਵਨ ਨਰਕ-ਸਵਰਗ ਇਹਨਾਂ ਵਿੱਚੋਂ ਕੋਈ ਵੀ ਅਜਿਹੀ ਗੱਲ ਨਹੀਂ, ਜਿਸ ਬਾਰੇ ਇਸਲਾਮ ਨੇ ਵਿਸਥਾਰ-ਪੂਰਵਕ ਸਿੱਖਿਆ ਨਾ ਦਿੱਤੀ ਹੋਵੇ ਅਤੇ ਜਿਸ ਨੂੰ ਮਨੁੱਖ ਜਾਤੀ ਦਾ ਮਨ ਸੰਤੁਸ਼ਟ ਕਰਨ ਲਈ ਜੋਰਦਾਰ ਦਲੀਲਾਂ ਨਾਲ ਸਿੱਧ ਨਾ ਕੀਤਾ ਹੋਵੇ। ਸੋ ਇਸਲਾਮ ਨੇ ਮੈਨੂੰ ਕੇਵਲ ਸਿਧਾਂਤ ਹੀ ਨਹੀਂ ਦੱਸੇ, ਸਗੋਂ ਵਿਸਥਾਰ ਪੂਰਵਕ ਗਿਆਨ ਵੀ ਦਿੱਤਾ ਹੈ, ਜੋ ਮੇਰੀ ਬੁੱਧੀ ਨੂੰ ਸ਼ਾਂਤੀ ਬਖਸ਼ਦਾ ਹੈ ਅਤੇ ਉਹ ਧਰਮ ਦੀ ਲੋੜ ਨੂੰ ਸਵੀਕਾਰ ਕਰ ਰਹੀ ਹੈ।

(੨) ਮੈਂ ਇਸਲਾਮ ਦਾ ਇਸ ਲਈ ਸ਼ਰਧਾਲੂ ਹਾਂ ਕਿ ਉਹ ਆਪਣੇ ਸਿਧਾਂਤਾਂ ਦੀ ਨੀਂਹ ਕੇਵਲ ਪੁਰਾਣੇ ਕਿੱਸੇ-ਕਹਾਣੀਆਂ ਤੇ ਹੀ ਨਹੀਂ ਰਖਦਾ ਸਗੋਂ ਉਹ ਪ੍ਰਾਣੀ ਮਾਤਰ ਨੂੰ ਅਭਿਆਸ ਕਰਨ ਦਾ ਸੱਦਾ ਦਿੰਦਾ ਹੈ ਅਤੇ ਇਹ ਕਹਿੰਦਾ ਹੈ ਕਿ ਹਰੇਕ ਸਚਾਈ ਕਿਸੇ ਨਾ ਕਿਸੇ ਰੂਪ ਵਿੱਚ ਇਸੇ ਸੰਸਾਰ ਵਿੱਚ ਹੀ ਪਰਖੀ ਜਾ ਸਕਦੀ ਹੈ। ਇਸ ਤਰ੍ਹਾਂ ਉਹ ਮੇਰੇ ਮਨ ਨੂੰ ਸੰਤੁਸ਼ਟ ਕਰ ਦਿੰਦਾ ਹੈ।

(੩) ਮੈਂ ਇਸਲਾਮ ਦਾ ਇਸ ਲਈ ਸ਼ਰਧਾਲੂ ਹਾਂ ਕਿ ਇਸਲਾਮ ਮੈਨੂੰ ਇਹ ਸਿੱਖਿਆ ਦਿੰਦਾ ਹੈ ਕਿ ਪ੍ਰਭੂ ਦੀ ਕਰਨੀ ਤੇ ਕਥਨੀ ਵਿੱਚ ਕੋਈ ਫਰਕ ਨਹੀਂ ਹੈ। ਉਹ ਮੈਨੂੰ ਸਾਇੰਸ ਤੇ ਧਰਮ ਦੇ ਝਗੜਿਆਂ ਤੋਂ ਸੁਤੰਤਰ ਕਰ ਦਿੰਦਾ ਹੈ। ਉਹ ਮੈਨੂੰ ਇਹ ਸਿੱਖਿਆ ਨਹੀਂ ਦਿੰਦਾ ਕਿ ਮੈਂ ਕੁਦਰਤ ਦੇ ਨੇਮਾਂ ਨੂੰ ਅੱਖੋਂ ਉਹਲੇ ਕਰ ਦਿਆਂ ਤੇ ਓਹਨਾਂ ਦੇ ਉਲਟ ਗੱਲਾਂ ਤੇ ਵਿਸ਼ਵਾਸ਼ ਰੱਖਾਂ, ਸਗੋਂ ਉਹ ਮੈਨੂੰ ਕੁਦਰਤ ਦੇ ਨੇਮਾਂ ਤੇ ਵਿਚਾਰ ਕਰਨ ਤੇ ਓਹਨਾਂ ਤੋਂ ਲਾਭ ਉਠਾਉਣ ਦੀ ਸਿੱਖਿਆ ਦਿੰਦਾ ਹੈ ਅਤੇ ਇਹ ਕਹਿੰਦਾ ਹੈ ਕਿ ਅਕਾਸ਼ ਬਾਣੀ ਨੂੰ ਉਤਾਰਣ ਵਾਲਾ ਵੀ ਪ੍ਰਭੂ ਹੀ ਹੈ ਤੇ ਇਸ ਸ੍ਰਿਸ਼ਟੀ ਦਾ ਕਰਤਾ ਵੀ ਉਹੋ ਹੀ ਹੈ। ਇਸ ਲਈ ਉਸਦੀ ਕਥਨੀ ਤੇ ਕਰਨੀ ਵਿੱਚ ਕੋਈ ਫਰਕ ਨਹੀਂ ਹੋ ਸਕਦਾ। ਸੋ ਮੇਰੇ ਲਈ ਇਹ ਜਰੂਰੀ ਹੈ ਕਿ ਉਸ ਦੀ ਕਥਨੀ ਨੂੰ ਸਮਝਣ ਲਈ ਉਸਦੀ ਕਰਨੀ ਨੂੰ ਧਿਆਨ ਨਾਲ ਵੇਖਾਂ ਤੇ ਉਸ ਦੀ ਕਰਨੀ ਨੂੰ ਸਮਝਣ ਲਈ ਉਸ ਦੀ ਕਥਨੀ ਨੂੰ ਗਹੁ ਨਾਲ ਵਿਚਾਰਾਂ। ਇਸ ਤਰ੍ਹਾਂ ਇਸਲਾਮ ਮੇਰੀ ਸੋਚ ਸ਼ਕਤੀ ਨੂੰ ਸੰਤੁਸ਼ਟ ਕਰਦਾ ਹੈ।

(੪) ਮੈਂ ਇਸਲਾਮ ਦਾ ਇਸ ਲਈ ਸ਼ਰਧਾਲੂ ਹਾਂ ਕਿ ਉਹ ਮੇਰੇ ਭਾਵਾਂ ਨੂੰ ਕੁਚਲਦਾ ਨਹੀਂ, ਸਗੋਂ ਓਹਨਾਂ ਦੀ ਠੀਕ ਠੀਕ ਅਗਵਾਈ ਕਰਦਾ ਹੈ। ਅਰਥਾਤ ਉਹ ਨਾਂ ਤਾ ਮੇਰੇ ਭਾਵਾਂ ਦਾ ਘਾਤ ਕਰਕੇ ਮੇਰੀ ਮਨੁੱਖਤਾ ਨੂੰ ਪੱਥਰ ਵਿੱਚ ਬਦਲਦਾ ਹੈ ਅਤੇ ਨਾ ਹੀ ਓਹਨਾਂ ਨੂੰ ਬੇਮੁਹਾਰੇ ਛੱਡ ਕੇ ਮੈਨੂੰ ਪਸ਼ੂਆਂ ਦੀ ਪੱਧਰ ਤੇ ਲਿਆ ਖੜ੍ਹਾ ਕਰਦਾ ਹੈ; ਸਗੋਂ ਜਿਸ ਤਰ੍ਹਾਂ ਇੱਕ ਸਿਆਣਾ ਇੰਜਨੀਅਰ ਸੁਤੰਤਰ ਪਾਣੀਆਂ ਨੂੰ ਨਹਿਰਾਂ ਦੇ ਰੂਪ ਵਿੱਚ ਬਦਲ ਕੇ ਬੰਜਰ ਤੇ ਵੈਰਾਨ ਇਲਾਕਿਆਂ ਨੂੰ ਹਰਿਆ ਭਰਿਆ ਕਰ ਦਿੰਦਾ ਹੈ, ਉਸੇ ਤਰ੍ਹਾਂ ਇਸਲਾਮ ਮੇਰੇ ਭਾਵਾਂ ਨੂੰ ਯੋਗ ਰੋਕਾਂ ਨਾਲ ਉਚੇ ਆਚਰਣ ਵਿੱਚ ਬਦਲ ਦਿੰਦਾ ਹੈ। ਉਹ ਮੈਨੂੰ ਇਹ ਸਿੱਖਿਆ ਨਹੀਂ ਦਿੰਦਾ ਕਿ ਪ੍ਰਭੂ ਨੇ ਤੈਨੂੰ ਪਿਆਰ ਕਰਨ

ਵਾਲਾ ਦਿਲ ਤਾਂ ਦਿੱਤਾ ਹੈ,ਪਰ ਤੈਨੂੰ ਕਿਸੇ ਨੂੰ ਜੀਵਨ ਸਾਥੀ ਬਨਾਉਣ ਤੋਂ ਰੋਕਿਆ ਹੈ। ਖਾਣ ਲਈ ਜੀਭਾ ਵਿੱਚ ਸੁਆਦ ਤੇ ਦਿਲ ਵਿੱਚ ਇੱਛਾ ਤਾਂ ਉਤਪੰਨ ਕੀਤੀ ਹੈ,ਪਰ ਚੰਗੇ ਪਦਾਰਥ ਤੇਰੇ ਲਈ ਹਰਾਮ ਕਰ ਦਿੱਤੇ ਹਨ। ਸਗੋਂ ਉਹ ਇਹ ਉਪਦੇਸ਼ ਕਰਦਾ ਹੈ ਕਿ ਤੂੰ ਪਿਆਰ ਕਰ ਪਰ ਤੇਰਾ ਪਿਆਰ ਪਵਿੱਤਰ ਤੇ ਯੋਗ ਹੋਣਾ ਚਾਹੀਦਾ ਹੈ, ਜੋ ਤੇਰੇ ਇਰਾਦਿਆਂ ਨੂੰ ਤੇਰੀ ਸੰਤਾਨ ਰਾਹੀਂ ਸਦਾ ਲਈ ਸੁਰੱਖਿਅਤ ਕਰ ਦੇਵੇ। ਤੂੰ ਬੇਸ਼ਕ ਚੰਗੇ ਤੋਂ ਚੰਗੇ ਪਕਵਾਨ ਖਾਹ ਪਰ ਇੱਕ ਹੱਦ ਬੰਦੀ ਵਿੱਚ ਰਹਿ ਕੇ, ਤਾਂ ਜੁ ਇਹ ਨਾ ਹੋਵੇ ਕਿ ਤੂੰ ਤਾਂ ਢਿੱਡ ਭਰ ਕੇ ਖਾ ਲਵੇਂ ਪਰ ਤੇਰਾ ਗੁਆਂਢੀ ਭੁੱਖਾ ਹੀ ਰਹੇ।

ਗੱਲ ਕੀ ਇਸਲਾਮ ਮੇਰੀਆਂ ਸਾਰੀਆਂ ਸੁਭਾਵਿਕ ਲੋੜਾਂ ਨੂੰ ਯੋਗ ਹਦ ਬੰਦੀਆਂ ਨਾਲ ਸੁਭਾਵਿਕ ਲੋੜਾਂ ਦੀ ਹੱਦ ਤੋਂ ਉਚੇ ਆਚਰਣ ਦਾ ਰੂਪ ਦਿੰਦਾ ਹੈ।

(੫) ਮੈਂ ਇਸਲਾਮ ਦਾ ਇਸ ਲਈ ਸ਼ਰਧਾਲੂ ਹਾਂ ਕਿ ਉਸ ਨੇ ਕੇਵਲ ਮੇਰੇ ਨਾਲ ਹੀ ਨਹੀਂ, ਸਗੋਂ ਸਾਰੇ ਜੱਗ ਨਾਲ ਨਿਆਂਇ ਪੂਰਵਕ ਤੇ ਪਰੇਮ ਭਰਿਆ ਵਰਤਾਉ ਕੀਤਾ ਹੈ। ਉਸ ਨੇ ਮੈਨੂੰ ਕੇਵਲ ਆਪਣੇ ਆਪ ਦੇ ਹੱਕ ਅਦਾ ਕਰਨ ਦੀ ਹੀ ਸਿੱਖਿਆ ਨਹੀਂ ਦਿੱਤੀ, ਸਗੋਂ ਉਸ ਨੇ ਸਾਰੇ ਸੰਸਾਰ ਦੇ ਹਰੇਕ ਵਸਤੂ ਨਾਲ ਹੀ ਨਿਆਂਇ-ਪੂਰਵਕ ਵਰਤਾਓ ਕਰਨ ਦੀ ਪ੍ਰੇਰਨਾ ਵੀ ਦਿੱਤੀ ਹੈ ਅਤੇ ਇਸ ਬਾਰੇ ਮੇਰੀ ਯੋਗ ਅਗਵਾਈ ਵੀ ਕੀਤੀ ਹੈ। ਜੇ ਉਸ ਨੇ ਇੱਕ ਪਾਸੇ ਮਾਤਾ ਪਿਤਾ ਦੇ ਹੱਕ ਵਰਨਣ ਕੀਤੇ ਹਨ ਤੇ ਸੰਤਾਨ ਨੂੰ ਉਹਨਾਂ ਨਾਲ ਚੰਗਾ ਵਰਤਾਓ ਕਰਨ ਦੀ ਤੇ ਉਹਨਾਂ ਨੂੰ ਆਪਣੇ ਵਿਰਸੇ ਵਿੱਚ ਹਿਸੇਦਾਰ ਨੀਅਤ ਕਰਨ ਦੀ ਸਿੱਖਿਆ ਦਿੱਤੀ ਹੈ ਤਾਂ ਦੂਜੇ ਬੰਨੇ ਉਹਨਾਂ ਨੂੰ ਵੀ ਸੰਤਾਨ ਨਾਲ ਚੰਗਾ ਵਰਤਾਓ ਕਰਨ, ਵਿਦਿਆ ਦੁਆਉਣ, ਚੰਗੀ ਤਰ੍ਹਾਂ ਪਾਲਣ-ਪੋਸਣ ਤੇ ਉਚੱਾ ਆਚਰਣ ਸਿਖਾਉਣ ਅਰਥਾਤ ਉਹਨਾਂ ਦੀ ਅਰੋਗਤਾ ਦਾ ਖਿਆਲ ਰੱਖਣ ਦੀ ਆਗਿਆ ਵੀ ਦਿੱਤੀ ਹੈ ਅਤੇ ਓਹਨਾਂ ਨੂੰ ਆਪਣੇ ਮਾਤਾ ਪਿਤਾ ਦਾ ਇੱਕ ਖਾਸ ਹੱਦ ਤਕ ਵਾਰਸ ਵੀ ਨੀਅਤ ਕੀਤਾ ਹੈ। ਇਸੇ ਤਰ੍ਹਾਂ ਉਸ ਨੇ ਪਤੀ-ਪਤਨੀ ਦੇ ਚੰਗੇ ਸੰਬੰਧ ਰੱਖਣ ਦਾ ਵੀ ਹੁਕਮ ਦਿੱਤਾ ਹੈ ਅਰਥਾਤ ਓਹਨਾਂ ਨੂੰ ਆਪਸ ਵਿੱਚ ਚੰਗਾ ਵਰਤਾਓ ਕਰਨ ਤੇ ਇੱਕ ਦੂਜੇ ਦੇ ਹਾਵਾਂ ਭਾਵਾਂ ਦਾ ਧਿਆਨ ਰੱਖਣ ਦੀ ਸਿੱਖਿਆ ਦਿੱਤੀ ਹੈ। ਇਹ ਕਿਹੀ ਸੋਹਣੀ ਗੱਲ ਹੈ ਕਿ ਇਸ ਬਾਰੇ ਇਸਲਾਮ ਦੇ ਮੋਢੀ ਹਜ਼ਰਤ ਮੁਹੰਮਦ ਸਾਹਿਬ ਜੀ ਮਹਾਂਰਾਜ ਨੇ ਇਹ ਫ਼ੁਰਮਾਇਆ ਹੈ ਕਿ ਉਹ ਪਤੀ ਮਨੁੱਖੀ ਸੁਭਾਉ ਦੀ ਸੁੰਦਰਤਾ ਨੂੰ ਵਿਸਾਰ ਦਿੰਦਾ ਹੈ, ਜੋ ਦਿਨੇ ਆਪਣੀ ਪਤਨੀ ਨੂੰ ਮਾਰ ਕੁਟਾਈ ਕਰਦਾ ਰਹਿੰਦਾ ਹੈ ਤੇ ਰਾਤ ਨੂੰ ਉਸ ਨੂੰ ਪਿਆਰਦਾ ਹੈ। ਇਸ ਦੇ ਨਾਲ ਹੀ ਆਪ ਨੇ ਇਹ ਵੀ ਫ਼ੁਰਮਾਇਆ ਹੈ ਕਿ ਤੁਹਾਡੇ ਵਿੱਚੋਂ ਉਚੇ ਆਚਰਣ ਵਾਲਾ ਬੰਦਾ ਉਹੋ ਹੀ ਹੈ,ਜੋ ਆਪਣੀ ਪਤਨੀ ਨਾਲ ਚੰਗਾ ਵਰਤਾਓ ਕਰਦਾ ਹੈ। ਇਸ ਤੋਂ ਛੁੱਟ ਆਪ ਦਾ ਇਹ ਵੀ ਫ਼ੁਰਮਾਨ ਹੈ ਕਿ ਤੀਵੀਂ ਸ਼ੀਸ਼ੇ ਵਾਂਗ ਕੋਮਲ ਹੈ, ਇਸ ਲਈ ਉਸ ਨਾਲ ਵਰਤਾਉ ਕਰਨ ਸਮੇਂ ਉਸ ਦੀ ਉਸੇ ਤਰ੍ਹਾਂ ਸੰਭਾਲ ਕਰੋ ਜਿਸ ਤਰ੍ਹਾਂ ਸ਼ੀਸ਼ੇ ਨੂੰ ਵਰਤਣ ਲਗਿਆਂ ਸੰਭਾਲ ਕੀਤੀ ਜਾਂਦੀ ਹੈ।

ਇਸ ਤੋਂ ਬਿਨਾਂ ਉਸ (ਇਸਲਾਮ) ਨੇ ਧੀਆਂ ਦੇ ਹੱਕਾਂ ਨੂੰ ਵੀ ਅੱਖੋਂ ਉਹਲੇ ਨਹੀਂ ਕੀਤਾ।

ਉਹਨਾਂ ਦੀ ਵਿੱਦਿਆ ਤੇ ਵੱਡਾ ਜ਼ੋਰ ਦਿੱਤਾ ਹੈ ਤੇ ਇਹ ਵੀ ਫ਼ੁਰਮਾਇਆ ਹੈ ਕਿ ਜੋ ਸੱਜਣ ਆਪਣੀ ਧੀ ਨੂੰ ਚੰਗੀ ਵਿੱਦਿਆ ਦਿੰਦਾ ਹੈ ਤੇ ਉਸ ਦੀ ਚੰਗੀ ਤਰ੍ਹਾਂ ਪਾਲਣਾ-ਪੋਸਣਾ ਕਰਦਾ ਹੈ, ਉਹ ਸਵਰਗਾਂ ਦਾ ਭਾਗੀ ਹੋ ਜਾਂਦਾ ਹੈ। ਇਸਲਾਮ ਧੀਆਂ ਨੂੰ ਵੀ ਮਾਪਿਆਂ ਦੀ ਜਾਇਦਾਦ ਦਾ ਵਾਰਸ ਬਣਾਉਂਦਾ ਹੈ।

ਫਿਰ ਉਸ ਨੇ ਹਾਕਮਾਂ (ਉਚੱ-ਅਧਿਕਾਰੀਆਂ) ਨਾਲ ਵੀ ਨਿਆਂਇ ਕੀਤਾ ਹੈ ਤੇ ਪਰਜਾ ਨਾਲ ਵੀ। ਉਹ ਹਾਕਮਾਂ ਨੂੰ ਇਹ ਉਪਦੇਸ਼ ਕਰਦਾ ਹੈ ਕਿ ਹਕੂਮਤ ਤੁਹਾਡੀ ਜਾਇਦਾਦ ਨਹੀਂ, ਸਗੋਂ ਇੱਕ ਅਮਾਨਤ ਹੈ। ਸੋ ਤੁਸੀਂ ਇੱਕ ਭਲੇਮਾਣਸ ਬੰਦੇ ਵਾਂਗ ਉਸ ਅਮਾਨਤ ਦੀ ਰਾਖੀ ਕਰੋ। ਤੇ ਪਰਜਾ ਨਾਲ ਸਲਾਹ-ਮਸ਼ਵਰਾ ਕਰਦੇ ਰਿਹਾ ਕਰੋ। ਉਸ ਪਰਜਾ ਨੂੰ ਇਹ ਸਿੱਖਿਆ ਦਿੰਦਾ ਹੈ ਕਿ ਹਕੂਮਤ ਤੁਹਾਨੂੰ ਇੱਕ ਇਨਾਮ ਵਜੋਂ ਦਿੱਤੀ ਗਈ ਹੈ। ਆਪਣੇ ਹਾਕਮ (ਅਧਿਕਾਰੀ) ਅਜਿਹੇ ਚੁਣੋ, ਜੋ ਹਕੂਮਤ ਕਰਨ ਦੇ ਯੋਗ ਹਨ। ਉਹਨਾਂ ਦੀ ਚੋਣ ਕਰਨ ਮਗਰੋਂ ਉਹਨਾਂ ਨੂੰ ਪੂਰਾ ਪੂਰਾ ਮਿਲਵਰਤਣ ਦਿਓ। ਬਗਾਵਤ ਨਾ ਕਰੋ ਕਿਉਂ ਜੋ ਇਸ ਤਰ੍ਹਾਂ ਤੁਸੀਂ ਆਪਣਾ ਘਰ ਬਣਾ ਕੇ ਆਪਣੇ ਹੱਥੀਂ ਨਸ਼ਟ ਕਰਨ ਵਾਲੇ ਸਿੱਧ ਹੋਵੋਗੇ।

ਉਸ (ਇਸਲਾਮ) ਨੇ ਮਾਲਕ ਤੇ ਮਜ਼ਦੂਰ ਦੇ ਹੱਕਾਂ ਬਾਰੇ ਵੀ ਨਿਆਂਇ ਕੀਤਾ ਹੈ। ਉਹ ਮਾਲਕਾਂ ਨੂੰ ਇਹ ਉਪਦੇਸ਼ ਕਰਦਾ ਹੈ ਕਿ ਮਜ਼ਦੂਰ ਨੂੰ ਉਸ ਦਾ ਮੁੜ੍ਹਕਾ ਸੁੱਕਣ ਤੋਂ ਪਹਿਲਾਂ ਉਸ ਦੀ ਮਜ਼ਦੂਰੀ ਦੇ ਦਿਓ। ਆਪਣੇ ਮੁਥਾਜ਼ ਭਰਾ ਨੂੰ ਹੀਣਾ ਨਾ ਸਮਝੋ ਕਿਉਂ ਜੋ ਪ੍ਰਭੂ ਨੇ ਉਸ ਦੀ ਦੇਖ ਭਾਲ ਤੁਹਾਡੇ ਜ਼ਿੰਮੇ ਲਾਈ ਹੈ ਤੇ ਉਸ ਨੂੰ ਤੁਹਾਡੇ ਜ਼ੋਰ ਤੇ ਬਲ ਦਾ ਕਾਰਨ ਬਣਾਇਆ ਹੈ। ਇਸ ਲਈ ਤਸੀਂ ਆਪਣੇ ਬਲ ਨੂੰ ਮੂਰਖਤਾ ਨਾਲ ਅਜਾਈਂ ਨਾ ਗੁਆਓ।

ਉਹ (ਇਸਲਾਮ) ਮਜ਼ਦੂਰਾਂ ਨੂੰ ਇਹ ਕਹਿੰਦਾ ਹੈ ਕਿ ਕੰਮ ਕਰਨ ਸਮੇਂ ਆਪਣੀ ਉਜਰਤ ਦਾ ਪੂਰਾ ਪੂਰਾ ਵਟਾਂਦਰਾ ਦਿਓ ਤੇ ਸੁਸਤੀ ਤੋਂ ਕਦੇ ਵੀ ਕੰਮ ਨਾ ਲਓ।

ਉਹ (ਇਸਲਾਮ) ਬਲਵਾਨਾਂ ਨੂੰ ਇਹ ਕਹਿੰਦਾ ਹੈ ਕਿ ਤੁਸੀਂ ਨਿਰਬਲਾਂ ਉਤੇ ਅਤਿਆਚਾਰ ਨਾ ਕਰੋ ਤੇ ਅੰਗਹੀਣਾਂ ਦਾ ਮਖੌਲ ਨਾ ਉਡਾਓ। ਸਗੋਂ ਭਲਮਣਸਾਈ ਇਹ ਹੈ ਕਿ ਤੁਹਾਡੇ ਗੁਆਂਢੀ ਦੀ ਨਿਰਬਲਤਾ ਤੁਹਾਡੀ ਦਿਆਲਤਾ ਨੂੰ ਉਭਾਰੇ ਨਾ ਕਿ ਤੁਹਾਨੂੰ ਉਸ ਦਾ ਮਖੌਲ ਉਡਾਉਣ ਲਈ ਪ੍ਰੇਰੇ।

ਇਸਲਾਮ ਧਨੀਆਂ ਨੂੰ ਇਹ ਕਹਿੰਦਾ ਹੈ ਕਿ ਨਿਰਧਨਾਂ ਦਾ ਧਿਆਨ ਰੱਖੋ ਅਤੇ ਆਪਣੇ ਧਨ ਦਾ 40ਵਾਂ ਹਿੱਸਾ ਹਰ ਵਰ੍ਹੇ ਸਰਕਾਰ ਨੂੰ ਦੇ ਦਿਓ, ਤਾਂ ਜੋ ਉਹ ਉਸ ਨੂੰ ਨਿਰਧਨਾਂ ਤੇ ਅਨਾਥਾਂ ਦੀ ਉਨਤੀ ਤੇ ਖਰਚ ਕਰ ਸਕੇ। ਜਦੋਂ ਕਿਸੇ ਨਿਰਧਨ ਨੂੰ ਕੋਈ ਲੋੜ ਪਏ ਤਾਂ ਤੁਸੀਂ ਉਸ ਨੂੰ ਸੂਦ ਤੇ ਰੁਪਿਆ ਦੇ ਕੇ ਉਸ ਦੇ ਕਸ਼ਟ ਵਿੱਚ ਵਾਧਾ ਨਾ ਕਰੋ; ਕਿਉਂ ਜੁ ਪ੍ਰਭੂ ਨੇ ਤੁਹਾਨੂੰ ਧਨ ਇਸ ਲਈ ਨਹੀਂ ਦਿੱਤਾ ਕਿ ਤੁਸੀਂ ਆਪੇ ਪਏ ਮੌਜਾਂ ਮਾਣੋ। ਸਗੋਂ ਇਸ ਲਈ ਦਿੱਤਾ ਹੈ ਕਿ ਤੁਸੀਂ ਇਸ ਨਾਲ ਸੰਸਾਰਕ ਉਨਤੀ ਵਿੱਚ ਹਿੱਸਾ ਲੈ ਕੇ ਲੋਕ ਪ੍ਰਲੋਕ ਦਾ ਜਸ ਖੱਟੋ। ਪਰ ਉਹ ਨਿਰਧਨਾਂ ਨੂੰ ਵੀ ਇਹ ਉਪਦੇਸ਼

ਕਰਦਾ ਹੈ ਕਿ ਧਨੀਆਂ ਦੇ ਧਨ ਵੱਲ ਲਾਲਚ ਨਾਲ ਨਾ ਤੱਕੋ। ਇਸ ਤਰ੍ਹਾਂ ਤੁਹਾਡਾ ਮਨ ਕਾਲਾ ਹੋ ਜਾਵੇਗਾ ਅਤੇ ਤੁਸੀਂ ਯੋਗ ਬਲ ਪ੍ਰਾਪਤ ਨਾ ਕਰ ਸਕੋਗੇ। ਸਗੋਂ ਪ੍ਰਭੂ ਦੀ ਸਹਾਇਤਾ ਨਾਲ ਆਪਣੇ ਵਿੱਚ ਉਹ ਬਲ ਪੈਦਾ ਕਰੋ ਕਿ ਜਿਸ ਨਾਲ ਤੁਸੀਂ ਉਨੱਤ ਹੋ ਸਕੋ। ਉਹ ਸਰਕਾਰ ਨੂੰ ਵੀ ਇਸ ਗੱਲ ਦਾ ਉਪਦੇਸ਼ ਕਰਦਾ ਹੈ ਕਿ ਨਿਰਧਨਾਂ ਦੇ ਕਸ਼ਟਾਂ ਵਿੱਚ ਓਹਨਾਂ ਦੀ ਸਹਾਇਤਾ ਕਰੋ ਅਤੇ ਧਨ ਤੇ ਬਲ ਨੂੰ ਕੇਵਲ ਕੁੱਝ ਲੋਕਾਂ ਦੇ ਹੱਥਾਂ ਵਿੱਚ ਹੀ ਨਾ ਰੁਕਣ ਦਿਓ।

ਇਸਲਾਮ ਉਹਨਾਂ ਲੋਕਾਂ ਨੂੰ ਜਿਨ੍ਹਾਂ ਦੇ ਪਿਉ ਦਾਦਿਆਂ ਨੇ ਕਦੇ ਕੋਈ ਵੱਡਾ ਕੰਮ ਕਰਕੇ ਮਾਣ ਪ੍ਰਾਪਤ ਕੀਤਾ ਸੀ ਤੇ ਜਿਸ ਸਦਕਾ ਓਹਨਾਂ ਦੀ ਸੰਤਾਨ ਵੀ ਮਾਨਯੋਗ ਹੋ ਗਈ ਸੀ - ਇਹ ਸਿੱਖਿਆ ਦਿੰਦਾ ਹੈ ਕਿ ਤੁਹਾਡੇ ਪਿਉ-ਦਾਦਿਆਂ ਨੇ ਜੇ ਕਦੇ ਕੋਈ ਚੰਗਾ ਕੰਮ ਕਰਕੇ ਮਾਣ ਪ੍ਰਾਪਤ ਕੀਤਾ ਸੀ ਤਾਂ ਤੁਸੀਂ ਵੀ ਚੰਗੇ ਕੰਮ ਕਰਕੇ ਹੀ ਉਸ ਮਾਣ ਨੂੰ ਪ੍ਰਾਪਤ ਕਰ ਸਕਦੇ ਹੋ। ਤੁਸੀਂ ਦੂਜੀਆਂ ਜਾਤੀਆਂ ਨੂੰ ਹੀਣਾ ਨਾ ਸਮਝੋ ਕਿਉਂ ਜੁ ਪ੍ਰਭੂ ਨੇ ਸਾਰੀ ਮਨੁੱਖ ਜਾਤੀ ਨੂੰ ਇੱਕ ਸਮਾਨ ਬਣਾਇਆ ਹੈ। ਯਾਦ ਰੱਖੋ ਕਿ ਜਿਸ ਪ੍ਰਭੂ ਨੇ ਤੁਹਾਨੂੰ ਮਾਣ ਦਿੱਤਾ ਹੈ, ਉਹ ਦੂਜੀਆਂ ਜਾਤੀਆਂ ਨੂੰ ਵੀ ਮਾਣ ਦੇ ਸਕਦਾ ਹੈ। ਸੋ ਜੇ ਤੁਸੀਂ ਓਹਨਾਂ ਤੇ ਅੱਤਿਆਚਾਰ ਕਰੋਗੇ ਤਾਂ ਕਲ੍ਹ ਨੂੰ ਉਹ ਜਾਤੀ ਤੁਹਾਡੇ ਤੇ ਵੀ ਅੱਤਿਆਚਾਰ ਕਰੇਗੀ। ਸੋ ਦੂਜੀਆਂ ਜਾਤੀਆਂ ਨੂੰ ਵਡਿਆਈ ਜਤਾ ਕੇ ਘਮੰਡ ਨਾ ਕਰੋ। ਸਗੋਂ ਦੂਜੀਆਂ ਨੂੰ ਉਚੱਾ ਚੁੱਕ ਕੇ ਮਾਣ ਕਰੋ ਕਿਉਂ ਜੋ ਵੱਡਾ ਉਹੋ ਹੀ ਹੈ, ਜੋ ਆਪਣੇ ਡਿੱਗੇ ਹੋਏ ਭਰਾ ਨੂੰ ਚੁਕਦਾ ਹੈ।

ਇਸਲਾਮ ਇਹ ਵੀ ਉਪਦੇਸ਼ ਕਰਦਾ ਹੈ ਕਿ ਕੋਈ ਦੇਸ਼ ਕਿਸੇ ਦੇਸ਼ ਨਾਲ ਅਤੇ ਕੋਈ ਜਾਤੀ ਕਿਸੇ ਜਾਤੀ ਨਾਲ ਵੈਰ ਨਾ ਕਮਾਵੇ ਅਤੇ ਨਾ ਹੀ ਇੱਕ ਦੂਜੇ ਦਾ ਹੱਕ ਮਾਰਨ ਦਾ ਯਤਨ ਕਰੇ। ਸਗੋਂ ਸਾਰੇ ਹੀ ਮਿਲ-ਜੁਲ ਕੇ ਸੰਸਾਰ ਦੀ ਉਨੱਤੀ ਲਈ ਯਤਨ ਕਰੋ। ਇਹ ਨਾ ਹੋਵੇ ਕਿ ਕੁੱਝ ਜਾਤੀਆਂ, ਦੇਸ਼ ਜਾਂ ਵਿਅੱਕਤੀਆਂ ਆਪਸ ਵਿੱਚ ਗੱਠ-ਜੋੜ ਕਰਕੇ ਦੂਜੀਆਂ ਜਾਤੀਆਂ, ਦੇਸ਼ਾਂ ਜਾਂ ਵਿਅੱਕਤੀਆਂ ਦੇ ਵਿਰੁੱਧ ਗੋਂਦਾਂ ਗੁੰਦਣ। ਸਗੋਂ ਇਹ ਹੋਣਾ ਚਾਹੀਦਾ ਹੈ ਕਿ ਸਾਰੀਆਂ ਜਾਤੀਆਂ, ਦੇਸ਼ ਤੇ ਵਿਅੱਕਤੀਆਂ ਆਪਸ ਵਿੱਚ ਸੰਧੀ-ਪੱਤਰ ਕਰਨ ਕਿ ਉਹ ਇੱਕ ਦੂਜੇ ਨੂੰ ਵਧੀਕੀ ਕਰਨ ਤੋਂ ਰੋਕਣਗੇ ਅਤੇ ਦੂਜਿਆਂ ਦੇਸ਼ਾਂ, ਜਾਤੀਆਂ ਤੇ ਵਿਅਕਤੀਆਂ ਨੂੰ ਉਨੱਤੀ ਕਰਨ ਦਾ ਪੂਰਾ ਪੂਰਾ ਸਮਾਂ ਦੇਣਗੀਆਂ।

ਗੱਲ ਕੀ ਮੈਂ ਇਹ ਵੇਖਦਾ ਹਾਂ ਕਿ ਸੰਸਾਰ ਵਿੱਚ ਮੈਂ ਤੇ ਮੇਰੇ ਪਿਆਰੇ ਕੋਈ ਹੋਣ ਤੇ ਭਾਵੇਂ ਕੀ ਹੋਣ ਤੇ ਕੁੱਝ ਵੀ ਪਏ ਹੋਣ, ਇਸਲਾਮ ਸਾਡੇ ਲਈ ਅਮਨ ਤੇ ਸ਼ਾਂਤੀ ਦੇ ਸਾਧਨ ਪੈਦਾ ਕਰਦਾ ਹੈ। ਮੈਂ ਆਪਣੇ ਆਪ ਨੂੰ ਜਿਸ ਥਾਂ ਵੀ ਰੱਖਾਂ,ਮੈਨੂੰ ਇਹੋ ਹੀ ਜਾਪਦਾ ਹੈ ਕਿ ਇਸਲਾਮੀ ਸਿੱਖਿਆ ਅਨੁਸਾਰ ਮੈਂ ਉਸ ਥਾਂ ਤੇ ਰਹਿੰਦਾ ਹੋਇਆ ਵੀ ਉਨੱਤੀ ਤੇ ਸਫਲਤਾ ਦੇ ਮਾਰਗ ਤੋਂ ਸੱਖਣਾ ਨਹੀਂ ਰਹਿ ਸਕਦਾ। ਸੋ ਚੂੰਕਿ ਮੇਰਾ ਮਨ ਇਹ ਕਹਿੰਦਾ ਹੈ ਕਿ ਇਸਲਾਮ ਮੇਰੇ ਲਈ, ਮੇਰੇ ਸੱਜਣਾਂ ਲਈ, ਮੇਰੇ ਗੁਆਂਢੀਆਂ ਲਈ, ਵਡੇਰਿਆਂ ਲਈ, ਓਪਰਿਆਂ ਲਈ - ਜਿਹਨਾਂ ਨੂੰ ਮੈਂ ਉੱਕਾ ਹੀ ਨਹੀਂ

ਜਾਣਦਾ - ਤੀਵੀਆਂ ਲਈ, ਮਰਦਾਂ ਲਈ, ਵੱਡਿਆਂ ਲਈ, ਛੋਟਿਆਂ ਲਈ, ਗਰੀਬਾਂ ਲਈ, ਅਮੀਰਾਂ ਲਈ, ਵੱਡੀਆਂ ਜਾਤੀਆਂ ਲਈ, ਛੋਟੀਆਂ ਜਾਤੀਆਂ ਲਈ, ਉਹਨਾਂ ਲਈ ਜੋ - ਸਾਰੀ ਮਨੁੱਖ ਜਾਤੀ ਦੀ ਏਕਤਾ ਦੇ ਦਿਲੋਂ ਚਾਹਵਾਨ ਹਨ — ਦੇਸ਼-ਭਗਤੀ ਵਿੱਚ ਮਗਨ ਲੋਕਾਂ ਲਈ ਇੱਕੋ ਜਿਹਾ ਲਾਭਦਾਇਕ ਤੇ ਕੰਮ ਆਉਣ ਵਾਲਾ ਧਰਮ ਹੈ। ਮੇਰੇ ਤੇ ਮੇਰੇ ਪ੍ਰਭੂ ਦੇ ਵਿਚਾਲੇ ਅਟੁੱਟ ਸਬੰਧ ਅਤੇ ਏਕਤਾ ਪੈਦਾ ਕਰਦਾ ਹੈ। ਇਸ ਲਈ ਮੈਂ ਇਸ ਦਾ ਸ਼ਰਧਾਲੂ ਹਾਂ ਤੇ ਅਜਿਹੀ ਵਸਤੂ ਨੂੰ ਤਿਆਗ ਕੇ ਮੈਂ ਕਿਸੇ ਹੋਰ ਵਸਤੂ ਦਾ ਕਿਵੇਂ ਸ਼ਰਧਾਲੂ ਹੋ ਸਕਦਾ ਹਾਂ।

## THE AHMADIYYA MUSLIM CENTRES IN CANADA

Baitul Aafiat (Headquarter in Canada)
1306 Wilson Avenue W.
Downsview, Ontario M3M 1H5
Tel: (416) 249-3420

Al-Rahmat
522 Avenue F, South
Saskatoon, Sask. S7M 1T7
Tel: (306) 664-4722

Al-Nusart
15795 Blvd. Guin Ouest
Ste-Genevieve, (P.Q) H9H 1C5
Tel: (514) 620-9008
(514) 453-1973

Ahmadiyya Muslim Centre
8737 - 53rd Avenue
(2nd Floor)
Edmonton, Alta. T6E 5E9
Tel: (403) 469-3971

Bait-ud-Doa
7521-Sixth Street
Burnaby, B.C. V3N 3M2
Tel: (604) 522-5028

Al-Mansoora
439-12th Avenue, S.E.
Calgary, Alberta T2G 1A5
Tel: (403) 262-0200

Typeset, Layout, Designed & Printed
by
**SANGHARSH PUBLISHERS LTD.**
**P.O.Box 80093,**
**South Burnaby, B.C.**
**Canada P.Code V5H 3X1**
**Tel: (604) 438-1420**
**(604) 438-1480**